भारत सरकार
GOVERNMENT OF INDIA

शिक्षा मंत्रालय
MINISTRY OF EDUCATION

ਕਾਸ਼ੀ ਤਮਿਲ ਸੰਗਮਮ 5.0 · ਤਿਰੁੱਕੁਰਲ ਪਯਿਲਵੋਮ

ਹਰ ਦਿਨ ਲਈ ਬਾਰਾਂ ਕੁਰਲ

திருக்குறள் · Thirukkural · Thiruvalluvar

391 கல்வி · Learning

**கற்க கசடறக் கற்பவை கற்றபின்
நிற்க அதற்குத் தக.**

ਸਿੱਖਣ ਯੋਗ ਗ੍ਰੰਥਾਂ ਦਾ ਸੰਸੇ-ਰਹਿਤ ਯੁਕਤੀ ਨਾਲ ਅਧਿਅਨ ਕਰ ਲੈਣਾ ਚਾਹੀਦਾ ਹੈ।
ਫਿਰ ਉਸ ਵਿਚਲੀਆਂ ਸਿੱਖਿਆਵਾਂ ਦੇ ਅਨੁਕੂਲ ਜੀਵਨ ਨੂੰ ਵੀ ਢਾਲਣਾ ਚਾਹੀਦਾ ਹੈ।

291 வாய்மை · Veracity

**வாய்மை எனப்படுவது யாதெனின் யாதொன்றும்
தீமை இலாத சொலல்.**

ਸਚਾਈ ਕੀਹ ਹੈ? ਕਿਸੇ ਪ੍ਰਤੀ ਲੇਸ ਮਾਤ੍ਰ ਵੀ ਦੁਸ਼ਟਤਾ ਭਰੇ ਸ਼ਬਦ ਨਾ ਬੋਲਣਾ ਹੀ ਸੱਚਾਈ ਹੈ।

152 பொறையுடைமை · The Possession of Patience, Forbearance

**பொறுத்தல் இறப்பினை என்றும் அதனை
மறத்தல் அதனினும் நன்று.**

ਬਦਲਾ ਲੈਣ ਦੀ ਸ਼ਕਤੀ ਰੱਖਦਿਆਂ ਹੋਇਆਂ ਵੀ ਦੂਜਿਆਂ ਦੇ ਅਪਰਾਧ ਨੂੰ ਖਿਮਾ ਕਰਨਾ ਉੱਤਮ ਹੈ ਪਰ ਉਸ ਅਪਰਾਧ ਨੂੰ ਮਨ ਵਿਚ ਨਾ ਰੱਖਣਾ ਤੇ ਉਸੇ ਵੇਲੇ ਉਸ ਨੂੰ ਭੁੱਲ ਜਾਣਾ ਉਸ ਤੋਂ ਵੀ ਵਧੇਰੇ ਉੱਤਮ ਹੈ।

211 ஒப்புரவறிதல் · Duty to Society

**கைம்மாறு வேண்டா கடப்பாடு மாரிமாட்டு
என்னாற்றுங் கொல்லோ உலகு.**

ਪਰਉਪਕਾਰ ਕਰਨ ਉਪਰੰਤ ਇਵਜ਼ਾਨੇ ਦੀ ਤਾਂਘ ਨਾ ਰੱਖੋ
ਧਰਤੀ ਦੇ ਜੀਵ ਬੱਦਲਾਂ ਨੂੰ ਮੀਂਹ ਦੇ ਬਦਲੇ ਕੀਹ ਦੇਂਦੇ ਹਨ?

611 ஆள்வினை உடைமை · Manly Effort

**அருமை உடைத்தென்று அசாவாமை வேண்டும்
பெருமை முயற்சி தரும்.**

ਕਿਸੇ ਵੀ ਕੰਮ ਨੂੰ ਅਸੰਭਵ ਮੰਨ ਕੇ ਪਿੱਛੇ ਨ ਹਟੋ। ਹਿੰਮਤ ਕਰਨ ਨਾਲ ਉਸ ਕਾਰਜ
ਦੀ ਸਿੱਧੀ ਲਈ ਆਤਮ ਸ਼ਕਤੀ ਆਪਣੇ ਆਪ ਆ ਜਾਂਦੀ ਹੈ।

945 மருந்து · Medicine

**மாறுபாடு இல்லாத உண்டி மறுத்துண்ணின்
ஊறுபாடு இல்லை உயிர்க்கு.**

ਸਰੀਰ ਦੀ ਲੋੜ ਤੇ ਪ੍ਰਕਿਰਤੀ ਅਨੁਸਾਰ ਭੋਜਨ ਲੋੜੀਂਦੀ ਮਾਤ੍ਰਾ ਵਿਚ ਖਾਇਆ ਜਾਏ
ਤਾਂ ਸਰੀਰ ਨੂੰ ਕਸ਼ਟ ਦੇਣ ਵਾਲੇ ਰੋਗ ਹੀ ਉਤਪੰਨ ਨਹੀਂ ਹੋਣਗੇ।

423 அறிவுடைமை · The Possession of Knowledge

**எப்பொருள் யார்யார்வாய்க் கேட்பினும் அப்பொருள்
மெய்ப்பொருள் காண்ப தறிவு.**

ਕੋਈ ਗੱਲ ਚਾਹੇ ਕਿਸੇ ਦੇ ਮੂੰਹੋਂ ਸੁਣੋਂ (ਉਸ ਨੂੰ ਉਸੇ ਰੂਪ ਵਿਚ ਨਾ ਮੰਨ ਕੇ) ਉਸ ਵਿਚੋਂ
ਸਤਿ ਵਸਤੂ ਨੂੰ ਸਮਝਣਾ ਹੀ ਬੁੱਧੀ ਦਾ ਕਰਤਵ ਹੈ।

108 செய்ந்நன்றியறிதல் · Gratitude

**நன்றி மறப்பது நன்றன்று நன்றல்லது
அன்றே மறப்பது நன்று.**

ਕਿਸੇ ਦੇ ਕੀਤੇ ਉਪਕਾਰ ਨੂੰ ਭੁੱਲਣਾ ਉਚਿੱਤ ਨਹੀਂ ਹੁੰਦਾ ਪ੍ਰੰਤੂ ਆਪ
ਉਪਕਾਰ ਕਰਕੇ ਉਸ ਨੂੰ ਉਸੇ ਵੇਲੇ ਭੁੱਲ ਜਾਣਾ ਉੱਤਮ ਚੀਜ਼ ਹੈ।

100 இனியவை கூறல் · The Utterance of Pleasant Words

**இனிய உளவாக இன்னாத கூறல்
கனியிருப்பக் காய்கவர்ந் தற்று.**

ਮਿੱਠੇ ਬਚਨਾਂ ਦੇ ਹੁੰਦੇ ਹੋਏ ਕਠੋਰ ਬਚਨਾਂ ਦਾ ਪ੍ਰਯੋਗ
ਇਵੇਂ ਹੀ ਹੈ ਜਿਵੇਂ ਪੱਕੇ ਫਲਾਂ ਦੇ ਹੁੰਦੇ ਹੋਏ ਕੱਚੇ ਫਲ ਖਾਣੇ।

991 பண்புடைமை · Courtesy

**எண்பதத்தால் எய்தல் எளிதென்ப யார்மாட்டும்
பண்புடைமை என்னும் வழக்கு.**

ਜੋ ਸਭਨਾ ਨਾਲ ਇਕੋ ਜਿਹਾ ਪਿਆਰ ਭਰਿਆ ਵਰਤਾਓ ਕਰਦਾ ਹੈ
ਉਹ ਅਸਲੀ ਸ੍ਰਿਸ਼ਟਾਚਾਰੀ ਹੁੰਦਾ ਹੈ।

621 இடுக்கண் அழியாமை · Hopefulness in Trouble

**இடுக்கண் வருங்கால் நகுக அதனை
அடுத்தூர்வது அஃதொப்ப தில்.**

ਮੁਸੀਬਤਾਂ ਆਉਣ ਤੇ ਵੀ ਹੁਲਾਸ ਵਿਚ ਰਹੋ। ਸੰਕਟ ਤੋਂ ਪਾਰ ਲੰਘਣ ਲਈ
ਇਸ ਤੋਂ ਉੱਤਮ ਮਾਰਗ ਹੋਰ ਕੋਈ ਨਹੀਂ।

972 பெருமை · Greatness

**பிறப்பொக்கும் எல்லா உயிர்க்கும் சிறப்பொவ்வா
செய்தொழில் வேற்றுமை யான்.**

ਜਨਮ ਦੀ ਦ੍ਰਿਸ਼ਟੀ ਤੋਂ ਸਭ ਮਨੁੱਖ ਇਕੋ ਜਿਹੇ ਹੁੰਦੇ ਹਨ ਪ੍ਰੰਤੂ ਕਰਮਾਂ ਦੀ
ਭਿੰਨਤਾ ਕਾਰਨ ਉਹਨਾਂ ਦੇ ਗੁਣਾਂ ਵਿਚ ਭਿੰਨਤਾ ਆ ਜਾਂਦੀ ਹੈ।

ਕਾਸ਼ੀ ਤਮਿਲ ਸੰਗਮਮ 5.0 · ਤਿਰੁੱਕੁਰਲ ਪਯਿਲਵੋਮ
ਸਿੱਖਿਆ ਮੰਤਰਾਲਾ, ਭਾਰਤ ਸਰਕਾਰ
ਕੇਂਦਰੀ ਸ਼ਾਸਤਰੀ ਤਮਿਲ ਸੰਸਥਾਨ (CICT), ਚੇਨਈ
ਅਨੁਵਾਦ © ਕੇਂਦਰੀ ਸ਼ਾਸਤਰੀ ਤਮਿਲ ਸੰਸਥਾਨ, ਚੇਨਈ · CC BY 4.0

kts.cict.in